# ਹਰੇਕ ਲਈ ਲੰਬੀ ਮਿਆਦ ਕੇਅਰ ਫੰਡ (LONG - TERM CARE FUND)।



## 10 ਵਿੱਚੋਂ 7 ਲੋਕਾਂ ਨੂੰ ਲੰਬੀ ਮਿਆਦ ਕੇਅਰ ਦੀ ਲੋੜ ਹੋਵੇਗੀ। ਕੀ ਤੁਸੀਂ ਤਿਆਰ ਹੋ?

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਲੰਬੀ ਮਿਆਦ ਦੀ ਕੇਅਰ ਦੀ ਲੋੜ ਹੋਵੇਗੀ ਪਰ ਇਸਦੇ ਭੁਗਤਾਨ ਕਰਨ ਦਾ ਕੋਈ ਤਰੀਕਾ ਨਹੀਂ ਹੈ। WA ਕੇਅਰਜ਼ ਫੰਡ (WA Cares Fund) ਸਟੇਟ ਦਾ ਇੱਕ ਨਵਾਂ ਪ੍ਰੋਗਰਾਮ ਹੈ ਜੋ ਸਾਰੇ ਵਾਸ਼ਿੰਗਟਨ ਵਾਸੀਆਂ ਲਈ ਪਹਿਲੀ ਵਾਰ ਵਾਸਤੇ ਲੰਬੀ ਮਿਆਦ ਕੇਅਰ ਬੀਮਾ ਨੂੰ ਕਿਫਾਇਤੀ ਬਣਾਉਂਦਾ ਹੈ।

WA ਕੇਅਰਜ਼ ਫੰਡ ਦੇ ਨਾਲ, ਤੁਸੀਂ ਆਪਣੇ ਜੀਵਨ ਕਾਲ ਵਿੱਚ $36,500 (ਮਹਿੰਗਾਈ ਲਈ ਸਾਲਾਨਾ ਵਿਵਸਥਿਤ ਕੀਤਾ ਗਿਆ) ਤੱਕ ਦੀ ਲੰਬੀ ਮਿਆਦ ਦੀ ਕੇਅਰ ਸੇਵਾਵਾਂ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

WA ਕੇਅਰਜ਼ ਫੰਡ ਇੱਕ ਅਜਿਹਾ ਲਾਭ ਹੈ ਜੋ ਤੁਸੀਂ ਕਮਾਉਂਦੇ ਹੋ ਜਿਵੇਂ ਕਿ ਸੋਸ਼ਲ ਸਿਕਿਉਰਿਟੀ ਜੋ ਤੁਹਾਡੇ ਘਰ ਜਾਂ ਕਿਸੇ ਸਹੂਲਤ ਦੀ ਦੇਖਭਾਲ ਦੇ ਨਾਲ-ਨਾਲ ਘਰ ਦੇ ਸੁਧਾਰਾਂ, ਭੋਜਨ ਡਿਲੀਵਰੀ, ਕਾਰ ਸਵਾਰੀਆਂ, ਅਤੇ ਦੇਖਭਾਲਕਰਤਾ ਦੀ ਸਿਖਲਾਈ ਨੂੰ ਵੀ ਕਵਰ ਕਰਦਾ ਹੈ। WA ਕੇਅਰਜ਼ ਫੰਡ, ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਲੋੜ ਪੈਣ ਤੇ ਅਸੀਂ ਸਾਰੇ ਲੰਬੀ ਮਿਆਦ ਕੇਅਰ ਨੂੰ ਬਰਦਾਸ਼ਤ ਕਰ ਸਕੀਏ।



## WA ਕੇਅਰਜ਼ ਫੰਡ ਵਿੱਚ ਯੋਗਦਾਨ

WA ਕੇਅਰਜ਼ ਫੰਡ ਪੂਰੀ ਤਰ੍ਹਾਂ ਤੋਂ ਵਰਕਰਾਂ ਦੇ ਯੋਗਦਾਨ ਦੁਆਰਾ ਸਵੈ-ਫੰਡ ਕੀਤਾ ਜਾਂਦਾ ਹੈ। ਪ੍ਰਾਈਵੇਟ ਲੰਬੀ-ਮਿਆਦ ਕੇਅਰ ਬੀਮੇ ਦੇ ਉਲਟ, ਜਿਸ ਵਿੱਚ ਤੁਹਾਡੇ ਰਿਟਾਇਰ ਹੋਣ ਤੋਂ ਬਾਅਦ ਵੀ ਪ੍ਰੀਮੀਅਮਾਂ ਦੇਣ ਦੀ ਲੋੜ ਹੁੰਦੀ ਹੈ, WA ਕੇਅਰਜ਼ ਫੰਡ ਵਿੱਚ ਯੋਗਦਾਨ ਤੁਸੀਂ ਸਿਰਫ਼ ਕੰਮ ਕਰਦੇ ਸਮੇਂ ਦੇ ਦੌਰਾਨ ਹੀ ਪਾਉਂਦੇ ਹੋ। ਜਦੋਂ ਤੁਸੀਂ ਕੰਮ ਕਰਨਾ ਬੰਦ ਕਰ ਦਿੰਦੇ ਹੋ ਤਾਂ ਯੋਗਦਾਨ ਪਾਉਣਾ ਵੀ ਬੰਦ ਹੋ ਜਾਂਦਾ ਹੈ।

## ਆਪਣੇ ਲਾਭ ਦੀ ਪ੍ਰਾਪਤੀ

ਤੁਸੀਂ 5+ ਸਾਲਾਂ ਦੇ ਬਿਨਾਂ ਕਿਸੀ ਬ੍ਰੇਕ ਤੋਂ ਘੱਟੋ-ਘੱਟ 10 ਸਾਲ ਦਾ ਯੋਗਦਾਨ ਪਾ ਕੇ ਜੀਵਨ ਭਰ ਲਈ ਲਾਭ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਅਪਲਾਈ ਕਰਦ ਸਮੇਂ ਪਿਛਲੇ 6 ਸਾਲਾਂ ਵਿੱਚੋਂ 3 ਸਾਲਾਂ ਦਾ ਵੀ ਯੋਗਦਾਨ ਕਰ ਦਿੰਦੇ ਹੋ ਤਾਂ ਵੀ ਤੁਸੀਂ ਲਾਭਾਂ ਤਕ ਪਹੁੰਚ ਪ੍ਰਾਪਤ ਕਰ ਸਕਦੇ ਹੋ। 1968 ਤੋਂ ਪਹਿਲਾਂ ਪੈਦਾ ਹੋਏ ਲੋਕ, ਆਪਣੇ ਦੁਆਰਾ ਯੋਗਦਾਨ ਕੀਤੇ ਗਏ ਹਰੇਕ ਸਾਲ ਲਈ ਪੂਰੀ ਲਾਭ ਰਾਸ਼ੀ ਦੇ 10% ਤਕ ਦਾ ਜੀਵਨ ਭਰ ਲਾਭ ਪ੍ਰਾਪਤ ਕਰ ਸਕਦੇ ਹਨ।

**ਔਸਤ WA ਪ੍ਰਾਪਤੀ**
$52 075/ਸਾਲ

**ਔਸਤ ਯੋਗਦਾਨ**
$302/ਸਾਲ

## ਯੋਗਦਾਨ ਕਿਉਂ?

### WA ਕੇਅਰਜ਼ ਤੁਹਾਡੀਆਂ ਬਚਤਾਂ ਨੂੰ ਸੁਰੱਖਿਅਤ ਰੱਖਦਾ ਹੈ

ਆਪਣੇ WA ਕੇਅਰਜ਼ ਲਾਭਾਂ ਦੀ ਵਰਤੋਂ ਕਰੋ - ਤੁਹਾਡੀਆਂ 401k ਜਾਂ ਜੀਵਨ ਬਚਤਾਂ ਲਈ ਨਹੀਂ - ਤੁਹਾਡੀ ਲੰਮੀ ਮਿਆਦ ਕੇਅਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ।

### WA ਕੇਅਰਜ਼ ਤੁਹਾਨੂੰ ਚੁਣਨ ਦਿੰਦਾ ਹੈ

WA ਕੇਅਰਜ਼ ਦੇ ਨਾਲ, ਤੁਹਾਡਾ ਕੋਈ ਪਿਆਰਾ ਪੇਡ ਦੇਖਭਾਲਕਰਤਾ ਬਣ ਸਕਦਾ ਹੈ ਜਾਂ ਤੁਸੀਂ ਕਿਸੀ ਘਰੇਲੂ ਕੇਅਰ ਸਹਾਇਕ ਨੂੰ ਵੇਤਨ ਤੇ ਰੱਖ ਸਕਦੇ ਹੋ। ਤੁਸੀਂ ਘਰ ਦੇ ਸੁਧਾਰਾਂ, ਭੋਜਨ ਡਿਲੀਵਰੀ, ਅਤੇ ਹੋਰ ਬਹੁਤ ਕੁਝ ਲਈ ਵੀ ਭੁਗਤਾਨ ਕਰ ਸਕਦੇ ਹੋ।

### WA ਕੇਅਰਜ਼ ਤੁਹਾਡੇ ਪਰਿਵਾਰ ਦੀ ਰੱਖਿਆ ਕਰਦਾ ਹੈ

ਜਦੋਂ ਤੁਹਾਨੂੰ ਦੇਖਭਾਲ ਦੀ ਲੋੜ ਹੁੰਦੀ ਹੈ, ਤਾਂ ਤੁਹਾਡੇ ਕੋਲ ਇੱਕ ਪੇਸ਼ੇਵਰ ਘਰੇਲੂ ਕੇਅਰ ਸਹਾਇਕ ਤਕ ਪਹੁੰਚ ਹੋਵੇਗੀ, ਇਸ ਲਈ ਤੁਹਾਡੇ ਜੀਵਨ ਸਾਥੀ ਜਾਂ ਕਿਸੀ ਬਾਲਗ ਬੱਚੇ ਨੂੰ ਤੁਹਾਡੀ ਦੇਖਭਾਲ ਵਾਸਤੇ ਆਪਣੀ ਨੌਕਰੀ ਨਹੀਂ ਛੱਡਣੀ ਪਵੇਗੀ।

## 2022 ਪ੍ਰੋਗਰਾਮ ਦੇ ਸੁਧਾਰ:

- ✓ ਰਿਟਾਇਰ ਹੋਣ ਵਾਲੇ ਵਿਅਕਤੀ ਹਰ ਸਾਲ ਕੰਮ ਕਰਨ ਲਈ ਅੰਸ਼ਕ ਲਾਭ ਕਮਾਉਂਦੇ ਹਨ
- ✓ ਸਟੇਟ ਤੋਂ ਬਾਹਰ ਰਹਿਣ ਵਾਲੇ ਵਰਕਰ ਇਸ ਤੋਂ ਬਾਹਰ ਨਿਕਲ ਸਕਦੇ ਹਨ
- ✓ ਫੌਜੀ ਦੰਪੱਤੀ ਇਸ ਤੋਂ ਬਾਹਰ ਨਿਕਲ ਸਕਦੇ ਹਨ
- ✓ ਗੈਰ-ਪ੍ਰਵਾਸੀ ਵੀਜ਼ਾ ਵਾਲੇ ਵਰਕਰ ਇਸ ਤੋਂ ਬਾਹਰ ਨਿਕਲ ਸਕਦੇ ਹਨ
- ✓ 70%+ ਅਪਾਹਜਤਾ ਵਾਲੇ ਸਾਬਕਾ ਸੈਨਿਕ ਇਸ ਤੋਂ ਬਾਹਰ ਨਿਕਲ ਸਕਦੇ ਹਨ

## ਮੁੱਖ ਤਾਰੀਖਾਂ:

**1 ਜਨਵਰੀ, 2023:**
ਛੋਟਾਂ ਲਈ ਯੋਗ ਨਵੇਂ ਸਮੂਹਾਂ ਵਾਸਤੇ ਆਵੇਦਨ ਖੁੱਲ੍ਹੇ ਹਨ।

**1 ਜੁਲਾਈ, 2023:**
ਯੋਗਦਾਨ ਸ਼ੁਰੂ ਹੁੰਦਾ ਹੈ। ਸਵੈ-ਰੁਜ਼ਗਾਰ ਵਾਲੇ ਵਿਅਕਤੀ ਸ਼ਾਮਿਲ ਹੋ ਸਕਦੇ ਹਨ।

**1 ਜੁਲਾਈ, 2026:**
ਯੋਗ, ਪਾਤਰ ਵਿਅਕਤੀਆਂ ਲਈ ਲਾਭ ਉਪਲਬਧ ਹੋ ਜਾਂਦੇ ਹਨ

## ਜਿਆਦਾ ਜਾਣੋ

ਆਪਣੇ ਲਾਭਾਂ ਦੀ ਪ੍ਰਾਪਤੀ ਅਤੇ ਦਾਅਵਾ ਕਰਨ ਬਾਰੇ ਹੋਰ ਜਾਣਨ ਲਈ wacaresfund.wa.gov 'ਤੇ ਜਾਓ।

## ਸਵਾਲਾਂ ਲਈ:

ਈਮੇਲ
wacaresfund@dshs.wa.gov

ਫੋਨ
844-CARE4WA